Massachusetts Bay Transportation Authority

# MBTA ਦੀ ਸਵਾਰੀ ਕਿਵੇਂ ਕਰੀਏ
# ਬੁਨਿਆਦੀ ਚੀਜ਼ਾਂ

## ਭਾਸ਼ਾ ਸਹਾਇਤਾ

MBTA ਗਾਹਕ ਸਹਾਇਤਾ ਪ੍ਰਤੀਨਿਧੀ ਅੰਗਰੇਜ਼ੀ ਅਤੇ ਸਪੈਨਿਸ਼ ਬੋਲਦੇ ਹਨ ਅਤੇ 160 ਭਾਸ਼ਾਵਾਂ ਵਿੱਚ ਦੁਭਾਸ਼ੀਏ ਉਪਲੱਬਧ ਹਨ। ਸਟੇਸ਼ਨਾਂ 'ਤੇ MBTA ਟਰਾਂਜ਼ਿਟ ਪੁਲਿਸ ਅਤੇ ਟਰਾਂਜ਼ਿਟ ਅੰਬੈਸਡਰ ਇਸ ਸੇਵਾ ਤੱਕ ਪਹੁੰਚਣ ਵਿੱਚ ਸਹਾਇਤਾ ਕਰ ਸਕਦੇ ਹਨ।

ਸਹਾਇਤਾ ਲਈ, ਫੋਨ ਕਰੋ: ਫੋਨ: **617-222-3200**
ਟੋਲ ਫਰੀ: **800-392-6100**
ਟੀ ਟੀ ਵਾਈ: **617-222-5146**

**MBTA.com/language-services**

## ਸ਼ਾਮਿਲ ਹੋਣਾ

ਪ੍ਰੋਜੈਕਟਾਂ ਦਾ ਵਿਕਾਸ ਕਰਨ ਅਤੇ ਫੈਸਲੇ ਕਰਨ ਵਿੱਚ ਜਨਤਕ-ਰਾਏ ਇੱਕ ਮਹੱਤਵਪੂਰਨ ਕਾਰਕ ਹੈ, ਅਤੇ ਅਸੀਂ ਜਨਤਾ ਨੂੰ MBTA ਜਨਤਕ ਮੀਟਿੰਗਾਂ ਵਿੱਚ ਹਾਜ਼ਰ ਹੋਣ ਅਤੇ ਸਾਡੀਆਂ ਗਤੀਵਿਧੀਆਂ ਬਾਰੇ ਟਿੱਪਣੀਆਂ ਪ੍ਰਦਾਨ ਕਰਾਉਣ ਲਈ ਉਤਸ਼ਾਹਤ ਕਰਦੇ ਹਾਂ। ਮੀਟਿੰਗ ਦਾ ਨੋਟਿਸ ਸਾਡੇ ਇਵੈਂਟਾਂ ਦੇ ਵੈੱਬਪੇਜ 'ਤੇ ਪੋਸਟ ਕੀਤੇ ਜਾਂਦੇ ਹਨ ਅਤੇ ਇਸ ਵਿੱਚ ਇਹ ਜਾਣਕਾਰੀ ਸ਼ਾਮਲ ਹੁੰਦੀ ਹੈ ਕਿ ਮੁਫ਼ਤ ਉਪਲੱਬਧ ਫਾਇਦੇ ਅਤੇ ਭਾਸ਼ਾ ਸਹਾਇਤਾ ਦੀ ਬੇਨਤੀ ਕਿਵੇਂ ਕਰਨੀ ਹੈ।

**MBTA.com/events**

## ਇਸਦੀ ਕੀਮਤ ਕਿੰਨੀ ਹੈ?

**1-ਪਾਸੇ ਦਾ ਸਬਵੇਅ:**
$2.40 ਨਕਦ, ਚਾਰਲੀਕਾਰਡ ਜਾਂ ਚਾਰਲੀਟਿਕਟ
**1-ਪਾਸੇ ਦੀ ਲੋਕਲ ਬੱਸ:**
$1.70 ਨਕਦ, ਚਾਰਲੀਕਾਰਡ ਜਾਂ ਚਾਰਲੀਟਿਕਟ
**1-ਪਾਸੇ ਦੀ ਕਮਿਊਟਰ ਰੇਲ:**
$2.40–$13.25, ਤੁਹਾਡੀ ਯਾਤਰਾ ਦੀ ਦੂਰੀ 'ਤੇ ਨਿਰਭਰ ਕਰਦਾ ਹੈ
**1-ਪਾਸੇ ਫੈਰ੍ਰੀ:**
$3.70–$9.75, ਤੁਹਾਡੇ ਮੂਲ ਸਥਾਨ ਅਤੇ ਮੰਜ਼ਿਲ 'ਤੇ ਨਿਰਭਰ ਕਰਦਾ ਹੈ
**ਪੈਰਾਟਰਾਂਜ਼ਿਟ:**
$3.35–$5.60, ਪ੍ਰਤੀ ਗਾਹਕ ਇੱਕ ਪਾਸੇ ਦਾ ਕਿਰਾਇਆ

**MBTA.com/fares**

## ਘਟੇ ਹੋਏ ਕਿਰਾਏ

ਯੋਗ ਵਿਦਿਆਰਥੀ ਭਾਗ ਲੈ ਰਹੇ ਸਕੂਲਾਂ ਤੋਂ ਵਿਦਿਆਰਥੀ ਚਾਰਲੀਕਾਰਡ (ਜੋ ਹਰ ਸਾਲ 31 ਅਗਸਤ ਤੱਕ ਵੈਧ ਹੁੰਦੇ ਹਨ) ਪ੍ਰਾਪਤ ਕਰ ਸਕਦੇ ਹਨ ।

ਕਿਸੇ ਭਾਗ ਲੈ ਰਹੇ ਸ਼ਹਿਰ ਜਾਂ ਕਸਬੇ ਤੋਂ ਘੱਟ-ਆਮਦਨ ਵਾਲੇ ਨੌਜਵਾਨ ਬਾਲਗ, ਜਿੰਨ੍ਹਾਂ ਦੀ ਉਮਰ 18-25 ਸਾਲ ਹੈ, ਇੱਕ ਯੂਥ ਪਾਸ ਚਾਰਲੀਕਾਰਡ ਵਾਸਤੇ ਯੋਗ ਹੋ ਸਕਦੇ ਹਨ।

ਬਲਾਈਂਡ ਐਕਸੈੱਸ ਚਾਰਲੀਕਾਰਡ ਦੇ ਨਾਲ ਅੰਨ੍ਹੇ ਜਾਂ ਦ੍ਰਿਸ਼ਟੀ ਤੋਂ ਅਪੰਗ ਲੋਕ ਅਤੇ ਉਹਨਾਂ ਦੇ ਪੱਥ-ਪ੍ਰਦਰਸ਼ਕ MBTA ਸੇਵਾਵਾਂ ਦੀ ਮੁਫ਼ਤ ਸਵਾਰੀ ਕਰ ਸਕਦੇ ਹਨ।

ਬਜ਼ੁਰਗ (65+ਉਮਰ ਦੇ) ਅਤੇ ਅਪੰਗਤਾਵਾਂ ਵਾਲੇ ਲੋਕ ਟਰਾਂਸਪੋਰਟੇਸ਼ਨ ਐਕਸੈੱਸ ਪਾਸ (TAP) ਦੇ ਨਾਲ ਘਟੇ ਹੋਏ ਕਿਰਾਏ ਵਾਸਤੇ ਯੋਗ ਹਨ।

**MBTA.com/fares/reduced**

## ਭੁਗਤਾਨ ਦੇ ਹੋਰ ਵਿਕਲਪ

11 ਸਾਲ ਅਤੇ ਇਸਤੋਂ ਘੱਟ ਉਮਰ ਦੇ ਬੱਚੇ ਜੋ ਇੱਕ ਭੁਗਤਾਨ ਕਰਨ ਵਾਲੇ ਗਾਹਕ ਦੇ ਨਾਲ ਮੁਫ਼ਤ ਵਿੱਚ ਸਵਾਰੀ ਕਰਦੇ ਹਨ। ਹਰੇਕ ਗਾਹਕ ਦੇ ਨਾਲ ਦੋ ਬੱਚਿਆਂ ਦੀ ਆਗਿਆ ਹੈ।

ਕੰਪਨੀਆਂ ਕਾਰਪੋਰੇਟ ਚਾਰਲੀ ਕਾਰਡ ਪ੍ਰੋਗਰਾਮ ਵਿੱਚ ਭਾਗ ਲੈ ਸਕਦੀਆਂ ਹਨ ਜੋ ਕਰਮਚਾਰੀਆਂ ਨੂੰ ਟੈਕਸ ਲਾਭ ਪ੍ਰਦਾਨ ਕਰਾਉਂਦਾ ਹੈ।

**MBTA.com/pass-program**

## ਕੰਮ ਕਰਨ ਦੇ ਘੰਟੇ

ਜ਼ਿਆਦਾਤਰ ਬੱਸ ਅਤੇ ਰੇਲ ਸੇਵਾ ਸਵੇਰੇ 5 ਵਜੇ ਸ਼ੁਰੂ ਹੁੰਦੀ ਹੈ ਅਤੇ ਸਵੇਰੇ 1 ਵਜੇ ਖਤਮ ਹੁੰਦੀ ਹੈ, ਅਤੇ ਰੁਝੇਵੇਂ ਭਰੇ ਰੂਟਾਂ 'ਤੇ ਕੁਝ ਬੱਸ ਸੇਵਾ ਸਵੇਰੇ 3:30 ਵਜੇ ਤੋਂ ਸ਼ੁਰੂ ਹੁੰਦੀ ਹੈ। ਸਮਾਂ-ਸਾਰਨੀ ਆਵਾਜਾਈ ਦੀ ਕਿਸਮ ਅਤੇ ਹਫਤੇ ਦੇ ਦਿਨ 'ਤੇ ਨਿਰਭਰ ਕਰਦੀ ਹੈ। ਇਹ ਸੇਵਾ ਹੋਰਨਾਂ ਸਮਿਆਂ ਦੇ ਮੁਕਾਬਲੇ ਹਫਤੇ ਦੇ ਕੰਮਕਾਜ਼ੀ ਦਿਨ ਦੇ ਭੀੜ-ਭੜੱਕੇ ਦੇ ਘੰਟਿਆਂ (ਸਵੇਰੇ 7 – 9 ਵਜੇ ਸਵੇਰੇ ਅਤੇ 4 – 6:30 ਵਜੇ ਸ਼ਾਮ) ਦੌਰਾਨ ਵਧੇਰੇ ਵਾਰ ਚੱਲਦੀ ਹੈ। ਸਬਵੇਅ ਅਤੇ ਖਾਸ ਰੂਟ ਦੀ ਬੱਸ ਸੇਵਾ (ਜਿਵੇਂ ਕਿ ਰੂਟ 28, 111, 116, ਅਤੇ ਹੋਰ) ਸਭ ਤੋਂ ਵੱਧ ਵਾਰ ਚੱਲਦੀ ਹੈ, ਜੋ ਆਮ ਤੌਰ 'ਤੇ ਹਰ 10-15 ਮਿੰਟਾਂ ਵਿੱਚ ਜਾਂ ਇਸਤੋਂ ਜ਼ਿਆਦਾ ਵਾਰ ਚੱਲਦੀ ਹੈ।

**MBTA.com/schedules**

## ਸਰਵਿਸ ਅਲਰਟ

ਕਈ ਵਾਰੀ ਸੇਵਾ ਵਿੱਚ ਰੁਕਾਵਟਾਂ ਹੁੰਦੀਆਂ ਹਨ ਅਤੇ, ਜਦੋਂ ਅਜਿਹਾ ਹੁੰਦਾ ਹੈ, ਤਾਂ MBTA ਸੰਕੇਤ ਦਿੰਦਾ ਹੈ ਜਾਂ ਗਾਹਕਾਂ ਦੀ ਮਦਦ ਕਰਨ ਲਈ ਅਮਲਾ ਉਪਲੱਬਧ ਹੁੰਦਾ ਹੈ। ਮੌਜੂਦਾ ਅਤੇ ਯੋਜਨਾਬੱਧ ਸੇਵਾ ਅਲਰਟ ਸਾਡੀ ਵੈੱਬਸਾਈਟ 'ਤੇ ਉਪਲੱਬਧ ਹਨ। ਟੈਕਸਟ ਜਾਂ ਈਮੇਲ ਅਲਰਟ ਪ੍ਰਾਪਤ ਕਰਨ ਲਈ ਸਵਾਰੀਆਂ T-Alerts ਲਈ ਸਾਈਨ ਅੱਪ ਵੀ ਕਰ ਸਕਦੇ ਹਨ।

**MBTA.com/alerts**

## ਉਪਲੱਬਧਤਾ

ਸਾਰੀਆਂ MBTA ਬੱਸਾਂ ਅਪੰਗਤਾਵਾਂ ਵਾਲੇ ਲੋਕਾਂ ਲਈ ਉਪਲੱਬਧ ਹਨ, ਜਿਵੇਂ ਕਿ ਜ਼ਿਆਦਾਤਰ ਸਬਵੇਅ ਅਤੇ ਕਮਿਊਟਰ ਰੇਲ ਸਟੇਸ਼ਨ ਹੁੰਦੇ ਹਨ। ਫੈਰੀ ਅਤੇ ਡੌਕਸ ਵੀ ਉਪਲੱਬਧ ਹਨ, ਪਰ ਕਈ ਵਾਰੀ ਉੱਚੇ ਜਾਂ ਨੀਵੇਂ ਜਵਾਰ ਭਾਟੇ ਤੋਂ ਅਸਥਾਈ ਰੁਕਾਵਟਾਂ ਹੋ ਸਕਦੀਆਂ ਹਨ।

**MBTA.com/accessibility**

The RIDE (ਦਾ ਰਾਈਡ): The RIDE MBTA ਦੀ ਡੋਰ-ਟੂ-ਡੋਰ, ਪੈਰਾਟ੍ਰਾਂਜ਼ਿਟ ਸਰਵਿਸ ਹੈ। ਜੇ ਤੁਹਾਨੂੰ ਕੋਈ ਅਜਿਹੀ ਅਪੰਗਤਾ ਹੈ ਜਿਸ ਕਰਕੇ ਤੁਸੀਂ ਹਮੇਸ਼ਾ ਜਾਂ ਕੁਝ ਕੁ ਸਮਾਂ MBTA ਬੱਸ, ਸਬਵੇਅ, ਜਾਂ ਟਰਾਲੀ ਦੀ ਵਰਤੋਂ ਨਹੀਂ ਕਰ ਪਾਉਂਦੇ, ਤਾਂ 'The RIDE' ਤੁਹਾਡੀਆਂ ਜਨਤਕ ਆਵਾਜਾਈ ਜ਼ਰੂਰਤਾਂ ਵਿੱਚ ਸਹਾਇਤਾ ਕਰ ਸਕਦੀ ਹੈ।

**MBTA.com/accessibility/the-ride**

ਰਾਈਡਰ 617-222-2828 'ਤੇ ਫੋਨ ਕਰਕੇ ਵਾਸਤਵਿਕ-ਸਮਾਂ ਐਲੀਵੇਟਰ ਅਤੇ ਐਸਕੇਲੇਟਰ ਆਊਟੇਜ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## MBTA ਨਾਲ ਸੰਪਰਕ ਕਰਨਾ

ਰਾਈਡਰ MBTA ਨਾਲ ਫੋਨ, ਈਮੇਲ, ਅਤੇ ਸਾਡੇ ਸੋਸ਼ਲ ਮੀਡੀਆ ਦਾ ਅਨੁਸਰਣ ਕਰਕੇ ਕਈ ਤਰੀਕਿਆਂ ਨਾਲ ਸੰਪਰਕ ਕਰ ਸਕਦੇ ਹਨ:

**ਫੋਨ:** 617-222-3200
**ਟੋਲ ਫਰੀ:** 800-392-6100
**ਟੀ ਟੀ ਵਾਈ:** 617-222-5146
**ਈਮੇਲ:** MBTA.com/customer-support

**twitter.com/mbta** | **facebook.com/TheMBTA/**
**instagram.com/thembta/** | **youtube.com/mbtagm**
**tiktok.com/@thembta** | **linkedin.com/company/mbta**

## ਸੰਕਟਕਾਲੀਨ ਮਾਮਲੇ ਵਿੱਚ

MBTA ਦੇ ਹਰੇਕ ਸਟਾਫ ਮੈਂਬਰ ਨੂੰ ਸੰਕਟਕਾਲੀਨ ਪ੍ਰਕਿਰਿਆਵਾਂ ਅਤੇ ਤਿਆਰੀ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ। ਜੇ ਤੁਹਾਨੂੰ ਕੋਈ ਸ਼ੱਕੀ ਚੀਜ਼ ਦਿਖਾਈ ਦਿੰਦੀ ਹੈ ਜਾਂ ਤੁਹਾਨੂੰ ਕਿਸੇ ਸੰਕਟਕਾਲ ਦੀ ਰਿਪੋਰਟ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ: 911 'ਤੇ ਜਾਂ ਟਰਾਂਜ਼ਿਟ ਪੁਲਿਸ ਨੂੰ **617-222-1212** 'ਤੇ ਫੋਨ ਕਰੋ
**ਟੀ ਟੀ ਵਾਈ : 617-222-1200**

ਸਾਰੀਆਂ MBTA ਸਰਗਰਮੀਆਂ ਭੇਦਭਾਵ ਤੋਂ ਮੁਕਤ ਹਨ। MBTA ਨਸਲ, ਰੰਗ, ਕੌਮੀ ਮੂਲ, ਸੀਮਤ ਅੰਗਰੇਜ਼ੀ ਪ੍ਰਵੀਨਤਾ, ਅਤੇ ਵਧੀਕ ਰੱਖਿਅਤ ਕੀਤੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਭੇਦਭਾਵ ਨੂੰ ਰੋਕਣ ਵਾਲੀਆਂ ਸਾਰੀਆਂ ਸੰਘੀ ਅਤੇ ਪ੍ਰਾਂਤਕੀ ਅਧਿਕਾਰਾਂ ਦੀਆਂ ਲੋੜਾਂ ਦੀ ਤਾਮੀਲ ਕਰਦਾ ਹੈ। ਵਧੇਰੇ ਜਾਣਕਾਰੀ ਵਾਸਤੇ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਕਿਰਪਾ ਕਰਕੇ ਇੱਥੇ ਦੇਖੋ **MBTA.com/titlevi** MBTA/MassDOT ਆਫਿਸ ਆਫ ਡਾਈਵਰਸਿਟੀ ਐਂਡ ਸਿਵਲ ਰਾਈਟਸ, 10 ਪਾਰਕ ਪਲਾਜ਼ਾ, ਬੋਸਟਨ, MA 02116, ਟੈਲੀਫੋਨ: 857-368-8580 'ਤੇ ਸਾਡੇ ਨਾਲ ਸੰਪਰਕ ਕਰੋ, ਜਾਂ ਫਿਰ ਸਾਨੂੰ MBTACivilRights@mbta.com 'ਤੇ ਈਮੇਲ ਕਰੋ